ਛੋਟੂ ਅਤੇ ਗੋਲ਼ੂ

ਪ੍ਰੀ-ਪ੍ਰਾਇਮਰੀ-2 ਲਈ

ਸਕੂਲ ਸਿੱਖਿਆ ਵਿਭਾਗ, ਪੰਜਾਬ

ਛੋਟੂ ਅਤੇ ਗੋਲੂ

ਲੇਖਕ: ਸੰਜੀਵ ਜੈਸਵਾਲ ‘‘ਸੰਜੇ’’
ਚਿੱਤਰਕਾਰ: ਅਜੀਤ ਨਰਾਇਣ

ਹਾਥੀ ਦਾ ਬੱਚਾ ਗੋਲ਼ੂ
ਢੋਲ ਵਰਗਾ।

ਦੋਵੇਂ ਇਕੱਠੇ ਖੇਡਦੇ।
ਇੱਕ ਦਿਨ ਗੋਲੂ ਬੋਲਿਆ, “ਅੱਜ ਕੋਈ ਨਵੀਂ ਖੇਡ ਖੇਡੀ ਜਾਵੇ।”

“ਤੁਸੀਂ ਬੈਠੋ, ਮੈਂ ਇੱਕ ਛਾਲ਼ ਮਾਰ ਕੇ ਤੁਹਾਡੇ ਉੱਪਰ ਚੜ੍ਹਦਾ ਹਾਂ।”
ਛੋਟੂ ਬੋਲਿਆ। ਗੋਲ਼ੂ ਬੈਠ ਗਿਆ। ਛੋਟੂ ਨੇ ਛਾਲ਼ ਮਾਰੀ।

ਉਹ ਗੋਲ਼ੂ ਦੀ ਪਿੱਠ ’ਤੇ ਚੜ੍ਹ ਗਿਆ। ਸ਼ਾਬਾਸ਼!
ਗੋਲ਼ੂ ਹੱਸਿਆ ਅਤੇ ਬੋਲਿਆ– “ਹੁਣ ਤੁਸੀਂ ਬੈਠੋ, ਮੈਂ ਛਾਲ਼ ਮਾਰਾਂਗਾ।”

“ਤੁਸੀਂ?”
“ਤੁਸੀਂ ਕਿਵੇਂ ਛਾਲ਼ ਮਾਰ ਸਕਦੇ ਹੋ?” ਛੋਟੂ ਘਬਰਾ ਗਿਆ।

“ਇਸ ਤਰ੍ਹਾਂ।” ਗੋਲ਼ੂ ਛਾਲ਼ ਮਾਰ ਕੇ ਦਿਖਾਉਣ ਲੱਗਿਆ।

ਜਿਵੇਂ ਹੀ ਗੋਲੂ ਨੇ ਛਾਲ਼ ਮਾਰੀ, ਉਹ ਨਾਰੀਅਲ ਦੇ ਦਰਖ਼ਤ ਵਿੱਚ ਵੱਜਿਆ।

ਧੜੱਮ...ਧੜੱਮ...ਧੜੱਮ....

ਗੋਲੂ 'ਤੇ ਨਾਰੀਅਲ ਡਿੱਗਣ ਲੱਗੇ।

ਉਹ ਘਬਰਾ ਕੇ ਭੱਜ ਗਿਆ।

ਇੱਕ ਛੋਟਾ ਜਿਹਾ ਨਾਰੀਅਲ ਛੋਟੂ 'ਤੇ ਵੀ ਡਿੱਗਿਆ।

ਛੋਟੂ ਨੇ ਸੋਚਿਆ, “ਸ਼ੁਕਰ ਹੈ, ਹਾਥੀ ਛਾਲ ਮਾਰ ਕੇ ਮੇਰੇ ’ਤੇ ਨਹੀਂ ਡਿੱਗਿਆ।”

ਜੇਕਰ ਹਾਥੀ ਛੋਟੂ 'ਤੇ ਡਿੱਗ ਜਾਂਦਾ ਤਾਂ ਕੀ ਹੁੰਦਾ? ਜ਼ਰਾ ਸੋਚੋ ਤਾਂ!

PRATHAM BOOKS

A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ